# ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ
# ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ ਪੰਜਾਬ

**ਐਸ.ਸੀ ਓ ਨੰ:- 104-106, ਦੂਸਰੀ ਮੰਜ਼ਿਲ, ਸੈਕਟਰ 34-ਏ, ਚੰਡੀਗੜ ਫ਼ੋਨ ਨੰ:0172- 2623207, 2620106**

**ਫੈਕਸ:0172-2624687 ਈ-ਮੇਲssapunjab@yahoo.com**


ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ)
ਪੰਜਾਬ

ਮੀਮੋ ਨੰ: ਏ.ਐਸ.ਪੀ.ਡੀ(ਮੀਡੀਆ)/ਐਸ.ਐਸ.ਏ./2010/54882-54901
ਮਿਤੀ ਚੰਡੀਗੜ੍ਹ 26.08.2010

**ਵਿਸ਼ਾ:- ਅਧਿਆਪਕਾਂ ਦੇ ਸੁੰਦਰ ਲਿਖਾਈ ਦੇ ਮੁਕਾਬਲੇ ਕਰਵਾਉਣ ਸਬੰਧੀ।**

1.0 ਉਪਰੋਕਤ ਵਿਸ਼ੇ ਤੇ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਪੜ੍ਹੋ ਪੰਜਾਬ ਪ੍ਰੋਗਰਾਮ ਤਹਿਤ ਇਸ ਵਰ੍ਹੇ ਬੱਚਿਆਂ ਦੀ ਲਿਖਾਈ ਦੇ ਸੁਧਾਰ ਪੱਖੋਂ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ। ਅਤੇ ਇਸ ਪ੍ਰੋਗਰਾਮ ਤਹਿਤ ਬੱਚੇ ਦੇ ਲਿਖਣ ਪੱਧਰ ਦੀ ਵੀ ਵਿਸ਼ੇਸ਼ ਤੌਰ ਤੇ ਜਾਂਚ ਕੀਤੀ ਜਾ ਰਹੀ ਹੈ। ਇਸ ਸਬੰਧ ਵਿਚ ਅਧਿਆਪਕਾਂ ਦੀ ਫੀਡ ਬੈਕ ਦੇ ਆਧਾਰ ਤੇ ਇਹ ਫੈਸਲਾ ਕੀਤਾ ਗਿਆ ਹੈ ਕਿ ਹਰੇਕ ਜ਼ਿਲ੍ਹੇ ਅੰਦਰ ਸੁੰਦਰ ਲਿਖਾਈ ਵਾਲੇ ਅਧਿਆਪਕਾਂ ਦੀ ਚੋਣ ਕਰਕੇ ਇਹਨਾਂ ਅਧਿਆਪਕਾਂ ਨੂੰ ਰਿਸੋਰਸ ਪਰਸਨ ਵਜੋਂ ਸੇਵਾਵਾਂ ਲਈਆਂ ਜਾਣ ਅਤੇ ਬੱਚਿਆਂ ਦੀ ਲਿਖਾਈ ਸੁਧਾਰਨ ਪੱਖੋਂ ਵਿਸ਼ੇਸ਼ ਯਤਨ ਕੀਤੇ ਜਾਣ। ਇਹ ਇਕ ਬਹੁਤ ਹੀ ਧਿਆਨ ਦੇਣ ਯੋਗ ਵਿਸ਼ਾ ਹੈ। ਜਿਸ ਤਹਿਤ ਬੱਚਿਆਂ ਦੀ ਲਿਖਾਈ ਸੁਧਾਰੀ ਜਾ ਸਕਦੀ ਹੈ।

3.0 ਇਸ ਸਬੰਧ ਵਿਚ ਸੁੰਦਰ ਲਿਖਾਈ ਵਾਲੇ ਅਧਿਆਪਕਾਂ ਦੀਆਂ ਸੇਵਾਵਾਂ ਅਤੇ ਚੋਣ ਵਜੋਂ ਅਧਿਆਪਕਾਂ ਦੇ ਵੱਖ-ਵੱਖ ਪੱਧਰਾਂ ਤੇ ਮੁਕਾਬਲੇ ਕਰਵਾਏ ਜਾਣੇ ਹਨ। ਜਿੰਨ੍ਹਾਂ ਦੇ ਨਿਯਮ ਅਤੇ ਸ਼ਰਤਾਂ ਇਸ ਪ੍ਰਕਾਰ ਹੋਣਗੀਆਂ:-

3.1 ਇਹ ਮੁਕਾਬਲਾ ਸਿਰਫ਼ ਪ੍ਰਾਇਮਰੀ ਸਕੂਲਾਂ ਵਿਚ ਪੜ੍ਹਾਉਣ ਵਾਲੇ ਅਧਿਆਪਕਾਂ ਦੇ ਲਈ ਹੋਵੇਗਾ। ਇਸ ਦਾ ਮਕਸਦ ਅਧਿਆਪਕਾਂ ਦੀ ਲਿਖਾਈ ਦੀ ਸਫ਼ਾਈ ਅਤੇ ਸ਼ੁੱਧਤਾ ਪ੍ਰਤੀ ਉਤਸ਼ਾਹਿਤ ਅਤੇ ਜਾਗਰੂਕਤਾ ਪੈਦਾ ਕਰਨਾ ਹੈ ਤਾਂ ਜੋ ਪ੍ਰਾਇਮਰੀ ਸਕੂਲ ਪੱਧਰ ਤੇ ਬੱਚਿਆਂ ਦੀ ਲਿਖਾਈ ਵਿਚ ਹੋਰ ਸੁਧਾਰ ਹੋ ਸਕੇ।

3.2 ਇਸ ਮੁਕਾਬਲੇ ਵਿਚ ਸੀ.ਐਮ.ਟੀ/ਬੀ.ਐਮ.ਟੀ.,ਪ੍ਰਾਇਮਰੀ ਸਕੂਲਾਂ ਵਿੱਚ ਪੜ੍ਹਾਉਣ ਵਾਲੇ ਅਧਿਆਪਕ ਅਤੇ ਸਿੱਖਿਆ ਕਰਮੀ ਵੀ ਭਾਗ ਲੈ ਸਕਣਗੇ।

3.3 ਇਹ ਮੁਕਾਬਲਾ ਪਹਿਲਾ ਬਲਾਕ ਪੱਧਰ ਤੇ ਹੋਵੇਗਾ ਜਿਸ ਵਿਚ ਜ਼ਿਲ੍ਹੇ ਲਈ ਪੰਜ ਅਧਿਆਪਕਾਂ ਦੀ ਚੋਣ ਕੀਤੀ ਜਾਵੇਗੀ। ਅਤੇ ਇਸੇ ਤਰ੍ਹਾਂ ਹਰੇਕ ਜ਼ਿਲ੍ਹੇ ਵਿੱਚ ਘੱਟੋਂ ਘੱਟ ਪੰਜ ਅਧਿਆਪਕ ਰਾਜ ਪੱਧਰੀ ਮੁਕਾਬਲਿਆਂ ਵਿਚ ਹਿੱਸਾ ਲੈਣਗੇ। ਕੋਸ਼ਿਸ਼ ਇਹ ਵੀ ਕੀਤੀ ਜਾਵੇ ਕਿ ਹਰ ਸਕੂਲ ਵਿਚੋਂ ਇਕ ਅਧਿਆਪਕ ਬਲਾਕ ਪੱਧਰ ਦੇ ਮੁਕਾਬਲੇ ਵਿਚ ਭਾਗ ਲੈਣ।

**ਚੱਲਦਾ ਪੰਨਾ ਨੰ. 02**

3.4 ਸੁੰਦਰ ਲਿਖਾਈ ਲਈ ਕਾਲੇ ਪੈੱਨ ਦੀ ਵਰਤੋਂ ਕੀਤੀ ਜਾਵੇ। ਇਹ ਪੈੱਨ ਸਿਆਹੀ ਵਾਲੇ, ਬਾਲ ਪੁੰਆਇਟ ਪੈੱਨ ਜਾਂ ਜੈੱਲ ਵਾਲੇ ਹੋ ਸਕਦੇ ਹਨ। ਸਕੈੱਚ ਪੈੱਨ ਵਰਤਣ ਦੀ ਮਨਾਹੀ ਹੋਵੇਗੀ।

3.5 ਲਿਖਾਈ ਲਈ ਕਾਗਜ਼ (ਬਿਨਾਂ ਲਾਇਨਾਂ ਤੋਂ ) ਭਾਗ ਲੈਣ ਵਾਲੇ ਅਧਿਆਪਕ ਨੂੰ ਵਿਭਾਗ ਵੱਲੋਂ ਮੁਹੱਈਆ ਕਰਵਾਇਆ ਜਾਵੇਗਾ।

3.6 ਜ਼ਿਲ੍ਹਾ ਪੱਧਰ ਅਤੇ ਬਲਾਕ ਪੱਧਰ ਦੇ ਜੇਤੂ ਅਤੇ ਭਾਗ ਲੈਣ ਵਾਲੇ ਅਧਿਆਪਕਾਂ ਨੂੰ ਸਨਮਾਨ ਪੱਤਰ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ) ਦੁਆਰਾ ਦਿੱਤੇ ਜਾਣਗੇ।

3.7 ਦਿੱਤੇ ਗਏ ਟੋਪਿਕ ਨੂੰ ਨਿਰਧਾਰਤ ਸਮੇਂ ਦੇ ਅਨੁਸਾਰ ਪੂਰਾ ਕਰਨਾ ਜ਼ਰੂਰੀ ਹੋਵੇਗਾ।

3.8 ਰਾਜ ਪੱਧਰ ਤੇ ਭਾਗ ਲੈਣ ਵਾਲੇ ਅਧਿਆਪਕਾਂ ਅਤੇ ਜੇਤੂ ਅਧਿਆਪਕਾਂ ਨੂੰ ਵੀ ਸਨਮਾਨ ਪੱਤਰ ਦਿੱਤੇ ਜਾਣਗੇ।

3.9 ਇਸ ਮੁਕਾਬਲੇ ਤੋਂ ਬਾਅਦ ਸੁੰਦਰ ਲਿਖਾਈ ਵਾਲੇ ਅਧਿਆਪਕਾਂ ਦੀ ਇਕ ਵਰਕਸ਼ਾਪ ਵੀ ਲਗਾ ਕੇ ਬੱਚਿਆਂ ਦੇ ਲਿਖਾਈ ਸੁਧਾਰਨ ਲਈ ਅਧਿਆਪਕਾਂ ਦੀ ਸਲਾਹ ਨਾਲ ਵਿਸ਼ੇਸ਼ ਯਤਨ ਕੀਤੇ ਜਾਣਗੇ।

3.10 ਬਲਾਕ, ਜ਼ਿਲ੍ਹਾ ਅਤੇ ਸਟੇਟ ਪੱਧਰ ਲਈ ਇਸ ਮੁਕਾਬਲੇ ਦੀਆਂ ਮਿਤੀਆਂ ਇਸ ਪ੍ਰਕਾਰ ਹੋਣਗੀਆਂ:-

| ਲੜੀ ਨੰ. | ਪੱਧਰ | ਮਿਤੀ | ਵਿਸ਼ੇਸ਼ ਕਥਨ |
|---|---|---|---|
| 1. | ਬਲਾਕ ਪੱਧਰ | 18.9.2010 | |
| 2. | ਜ਼ਿਲ੍ਹਾ ਪੱਧਰ | 22.9.2010 | |
| 3. | ਰਾਜ ਪੱਧਰ | 26.9.2010 | |

3.0 ਸੋ ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਵੱਧ ਤੋਂ ਵੱਧ ਅਧਿਆਪਕਾਂ ਦਾ ਸੁੰਦਰ ਲਿਖਾਈ ਦੇ ਮੁਕਾਬਲਿਆਂ ਵਿਚ ਭਾਗ ਲੈਣਾ ਯਕੀਨੀ ਬਣਾਇਆ ਜਾਵੇ ਜੀ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**

ਪਿੱਠਅੰਕਣ ਨੰ. ਉਕਤ 54902 ਮਿਤੀ 26.08.2010

ਉਤਾਰਾ :-(1) ਸਮੂਹ ਜ਼ਿਲ੍ਹਾ ਕੋਆਰਡੀਨੇਟਰ ਪੜ੍ਹੋ ਪੰਜਾਬ।

(2) ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ।(ਵੈੱਬਸਾਇਟ ਰਾਹੀਂ)

(3) ਸਮੂਹ ਸਕੂਲ ਮੁਖੀ (ਵੈੱਬਸਾਇਟ ਰਾਹੀਂ)

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**